# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ
# www.chandigarh.gov.in
# ਪ੍ਰੈਸ ਨੋਟ

ਚੰਡੀਗੜ੍ਹ, 1 ਸਤੰਬਰ :- ਚੰਡੀਗੜ੍ਹ ਪ੍ਰਸ਼ਾਸਨ ਦੇ ਖੇਡ ਵਿਭਾਗ ਦੁਆਰਾ ਭਾਰਤੀ ਪਰਬਤਰੋਹੀ ਫਾਊਂਡੇਸ਼ਨ ਅਤੇ ਐਮ.ਸੀ.ਐਮ. ਡੀ.ਏ.ਵੀ. ਕਾਲਜ਼ ਚੰਡੀਗੜ੍ਹ ਨਾਲ ਮਿਲ ਕੇ 4 ਅਤੇ 5 ਸਤੰਬਰ 2010 ਨੂੰ ਐਮ.ਸੀ.ਐਮ. ਕਾਲਜ਼ ਸੈਕਟਰ 36 ਚੰਡੀਗੜ੍ਹ ਵਿਚ 'ਚੰਡੀਗੜ੍ਹ ਕੱਪ 2010' ਆਯੋਜਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਤੇ ਪੰਜਾਬ ਦੇ ਚੀਫ ਸਕੱਤਰ ਸ਼੍ਰੀ ਐਸ.ਸੀ.ਅੱਗਰਵਾਲ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਣਗੇ। ਮਨੀਪੁਰ ਤੋਂ ਰਾਸ਼ਟਰੀ ਖਿਡਾਰੀ ਸ਼੍ਰੀਮਤੀ ਸੂਜ਼ੇ ਮੁਕਾਬਲੇ ਦੇ ਲਈ ਖਿਡਾਰੀਆਂ ਨੂੰ ਕੋਚਿੰਗ ਪ੍ਰਦਾਨ ਕਰਨਗੇ। ਸਾਰੇ ਦੇਸ਼ ਵਿਚੋਂ ਲੱਗਭੱਗ 100 ਖਿਡਾਰੀਆਂ ਦੇ ਹਿੱਸਾ ਲੈਣ ਦੀ ਉਮੀਦ ਹੈ।

ਇਸ ਹਫਤੇ ਭਾਰਤੀ ਪਰਬਤਰੋਹੀ ਫਾਊਂਡੇਸ਼ਨ ਭਿੰਨ ਭਿੰਨ ਕਾਲਜ਼ਾਂ ਵਿਚ ਖਿਡਾਰੀਆਂ ਅਤੇ ਹੋਰ ਨੌਜਵਾਨਾਂ ਨੂੰ ਇਸ ਸਾਹਸੀ ਖੇਡ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਲਈ ਕੈਂਪਾਂ ਦਾ ਆਯੋਜਨ ਕਰ ਰਹੀ ਹੈ। ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਪਹਿਲੇ ਪ੍ਰੋਗਰਾਮ ਵਿਚ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।